Punjabi | ਪੰਜਾਬੀ

ਤੱਥ-ਪੱਤਰ

# ਅਪੰਗਤਾ ਵਾਲੇ ਲੋਕਾਂ ਲਈ ਰਜਿਸਟ੍ਰੇਸ਼ਨ ਜਾਣਕਾਰੀ

ਅਗਸਤ 2023



ਅਪੰਗਤਾ ਸੇਵਾਵਾਂ ਦੀ ਵਰਤੋਂ ਕਰਨ ਵਾਲੇ ਲੋਕਾਂ ਲਈ ਅਪੰਗਤਾ ਸੇਵਾ ਕਰਮਚਾਰੀਆਂ ਦੇ ਹੁਨਰ ਅਤੇ ਮੁਹਾਰਤ ਦਾ ਭਰੋਸਾ ਕਰਨਾ ਔਖਾ ਹੋ ਸਕਦਾ ਹੈ। ਸਾਰੇ ਅਪੰਗਤਾ ਕਰਮਚਾਰੀਆਂ ਦਾ ਸੁਰੱਖਿਆ ਅਤੇ ਯੋਗਤਾ ਲਈ ਇੱਕੋ ਤਰੀਕੇ ਨਾਲ ਮੁਲਾਂਕਣ ਨਹੀਂ ਕੀਤਾ ਜਾਂਦਾ ਹੈ।

ਅਪਾਹਜਤਾ ਕਰਮਚਾਰੀਆਂ ਦੀ ਰਜਿਸਟ੍ਰੇਸ਼ਨ ਦਾ ਉਦੇਸ਼ ਅਪੰਗਤਾ ਸੇਵਾਵਾਂ ਦੀ ਗੁਣਵੱਤਾ ਅਤੇ ਸੁਰੱਖਿਆ ਵਿੱਚ ਸੁਧਾਰ ਕਰਕੇ ਸਮੁੱਚੇ ਅਪੰਗਤਾ ਭਾਈਚਾਰੇ ਵਿੱਚ ਸੁਰੱਖਿਆ ਪ੍ਰਬੰਧਾਂ ਨੂੰ ਵਧਾਉਣਾ ਹੈ।

## ਮੈਨੂੰ ਇੱਕ ਰਜਿਸਟਰਡ ਅਪੰਗਤਾ ਕਰਮਚਾਰੀ ਕਿਉਂ ਚੁਣਨਾ ਚਾਹੀਦਾ ਹੈ?

ਇਹ ਮਹੱਤਵਪੂਰਨ ਹੈ ਕਿ ਅਪੰਗਤਾ ਵਾਲੇ ਲੋਕ ਅਪੰਗਤਾ ਸੇਵਾਵਾਂ ਦੀ ਵਰਤੋਂ ਕਰਦੇ ਸਮੇਂ ਆਪਣੇ ਆਪ ਨੂੰ ਸੁਰੱਖਿਅਤ ਅਤੇ ਤਾਕਤਵਰ ਮਹਿਸੂਸ ਕਰਨ। ਕਰਮਚਾਰੀ ਅਤੇ ਅਪਾਹਜ ਵਿਅਕਤੀ ਦੇ ਵਿੱਚ ਬਹੁਤ ਜ਼ਿਆਦਾ ਭਰੋਸਾ ਸ਼ਾਮਲ ਹੁੰਦਾ ਹੈ, ਇਸ ਲਈ ਪਹਿਲਾਂ ਹੀ ਇਹ ਜਾਣ ਲੈਣਾ ਕਿ ਉਸ ਕਰਮਚਾਰੀ ਦਾ ਢੁੱਕਵਾਂ ਮੁਲਾਂਕਣ ਕੀਤਾ ਗਿਆ ਹੈ, ਬਹੁਤ ਜ਼ਿਆਦਾ ਵਿਸ਼ਵਾਸ ਪ੍ਰਦਾਨ ਕਰਦਾ ਹੈ।

ਅਪੰਗਤਾ ਵਾਲੇ ਲੋਕਾਂ ਨੂੰ ਕਿਸੇ ਅਜਿਹੇ ਅਪੰਗਤਾ ਕਰਮਚਾਰੀ ਦੀ ਚੋਣ ਕਰਨ ਦਾ ਅਧਿਕਾਰ ਹੈ ਜਿਸਦਾ ਸੁਤੰਤਰ ਤੌਰ 'ਤੇ ਇੱਕ ਸੁਰੱਖਿਅਤ ਅਤੇ ਯੋਗ ਅਪੰਗਤਾ ਕਰਮਚਾਰੀ ਵਜੋਂ ਮੁਲਾਂਕਣ ਕੀਤਾ ਗਿਆ ਹੋਵੇ।

ਰਜਿਸਟਰਡ ਅਪੰਗਤਾ ਕਰਮਚਾਰੀਆਂ ਦਾ ਮੁਲਾਂਕਣ ਰਜਿਸਟ੍ਰੇਸ਼ਨ ਦੇਣ ਤੋਂ ਪਹਿਲਾਂ ਉਹਨਾਂ ਦੇ ਪਿਛੋਕੜ, ਯੋਗਤਾਵਾਂ, ਤਜ਼ਰਬੇ ਅਤੇ ਹੁਨਰਾਂ 'ਤੇ ਕੀਤਾ ਗਿਆ ਹੈ।

ਇਸਦਾ ਮਤਲਬ ਹੈ ਕਿ ਅਪੰਗਤਾ ਵਾਲੇ ਜਿਹੜੇ ਲੋਕ ਰਜਿਸਟਰਡ ਅਪੰਗਤਾ ਕਰਮਚਾਰੀ ਦੀ ਚੋਣ ਕਰਦੇ ਹਨ, ਉਹ ਭਰੋਸਾ ਕਰ ਸਕਦੇ ਹਨ ਕਿ ਉਹ ਸੁਰੱਖਿਅਤ ਚੋਣ ਕਰ ਰਹੇ ਹਨ।

ਰਜਿਸਟਰਡ ਅਪੰਗਤਾ ਕਰਮਚਾਰੀ ਦੀ ਚੋਣ ਕਰਨਾ ਤੁਹਾਨੂੰ ਸੁਰੱਖਿਅਤ ਅਤੇ ਉੱਚ ਗੁਣਵੱਤਾ ਵਾਲੀਆਂ ਸੇਵਾਵਾਂ ਤੱਕ ਬਿਹਤਰ ਪਹੁੰਚ ਕਰਨ ਵਿੱਚ ਮੱਦਦ ਕਰੇਗਾ, ਇਹ ਜਾਣਦੇ ਹੋਏ ਕਿ ਕਰਮਚਾਰੀ ਦੀ ਜਾਂਚ-ਪੜਤਾਲ ਕੀਤੀ ਗਈ ਹੈ ਅਤੇ ਉਹ ਜਵਾਬਦੇਹ ਹਨ। ਭਾਵੇਂ ਉਹਨਾਂ ਨੂੰ ਫ਼ੰਡ ਜਾਂ ਰੁਜ਼ਗਾਰ ਕਿਵੇਂ ਵੀ ਦਿੱਤਾ ਜਾਂਦਾ ਹੈ, ਵਿਕਟੋਰੀਆ ਦੇ ਰਜਿਸਟਰਡ ਅਪੰਗਤਾ ਕਰਮਚਾਰੀਆ ਦਾ ਵਿਕਟੋਰੀਆ ਦਾ ਰੈਗੂਲੇਟਰ, ਡਿਸਏਬਿਲਟੀ ਵਰਕਰ ਰਜਿਸਟ੍ਰੇਸ਼ਨ ਬੋਰਡ ਦੁਆਰਾ ਖ਼ੁਦਮੁਖ਼ਤਿਆਰ ਤੌਰ 'ਤੇ ਸੁਰੱਖਿਅਤ, ਹੁਨਰਮੰਦ ਅਤੇ ਪੇਸ਼ੇਵਰ ਵਜੋਂ ਮੁਲਾਂਕਣ ਕੀਤਾ ਜਾਂਦਾ ਹੈ।

ਕਿਸੇ ਢੁੱਕਵੇਂ ਕਰਮਚਾਰੀ ਦੀ ਚੋਣ ਕਰਦੇ ਸਮੇਂ, **www.vdwc.vic.gov.au** 'ਤੇ ਔਨਲਾਈਨ ਡਿਸਏਬਿਲਟੀ ਵਰਕਰ ਰਜਿਸਟਰ ਰਾਹੀਂ ਇਹ ਪਤਾ ਕਰਨਾ ਆਸਾਨ ਹੈ ਕਿ ਉਹ ਰਜਿਸਟਰਡ ਹਨ ਜਾਂ ਨਹੀਂ।

## ਕਰਮਚਾਰੀਆਂ ਨੂੰ ਰਜਿਸਟਰ ਕਰਨ ਲਈ ਕਿਸ-ਕਿਸ ਚੀਜ਼ ਦੀ ਲੋੜ ਹੁੰਦੀ ਹੈ?

ਰਜਿਸਟ੍ਰੇਸ਼ਨ ਦੇ ਤਿੰਨ ਮਾਪਦੰਡ ਹਨ ਜੋ ਬਿਨੈਕਾਰਾਂ ਲਈ ਰਜਿਸਟਰ ਹੋਣ ਲਈ ਪੂਰੇ ਕਰਨੇ ਲਾਜ਼ਮੀ ਹਨ ਅਤੇ ਜੇਕਰ ਉਹ ਆਪਣੀ ਰਜਿਸਟ੍ਰੇਸ਼ਨ ਬਰਕਰਾਰ ਰੱਖਣਾ ਚਾਹੁੰਦੇ ਹਨ ਤਾਂ ਉਹਨਾਂ ਨੂੰ ਪੂਰਾ ਕਰਦੇ ਰਹਿਣਾ ਪੈਂਦਾ ਹੈ। ਇਹ ਮਾਪਦੰਡ ਹਨ:

**1. ਅੰਗਰੇਜ਼ੀ ਵਿੱਚ ਯੋਗਤਾ**
ਰਜਿਸਟਰਡ ਹੋਣ ਲਈ, ਅਪਾਹਜਤਾ ਕਰਮਚਾਰੀਆਂ ਨੂੰ ਅੰਗਰੇਜ਼ੀ ਬੋਲਣ ਜਾਂ ਸੰਚਾਰ ਕਰਨ ਵਿੱਚ ਯੋਗ ਹੋਣਾ ਚਾਹੀਦਾ ਹੈ।

**2. ਅਪਰਾਧਿਕ ਇਤਿਹਾਸ**
ਬਿਨੈਕਾਰਾਂ ਨੂੰ ਪੁੱਛਿਆ ਜਾਵੇਗਾ ਕਿ ਕੀ ਉਹਨਾਂ ਨੇ ਵਿਕਟੋਰੀਆ ਜਾਂ ਕਿਸੇ ਹੋਰ ਥਾਂ 'ਤੇ ਕਿਸੇ ਅਪਰਾਧ (ਅਪਰਾਧਾਂ) ਲਈ ਦੋਸ਼ ਮੰਨਿਆ ਹੈ ਜਾਂ ਉਹ ਦੋਸ਼ੀ ਪਾਏ ਗਏ ਹਨ, ਉਨ੍ਹਾਂ 'ਤੇ ਕੋਈ ਦੋਸ਼ ਲਾਇਆ ਗਿਆ ਹੈ ਜਾਂ ਉਨ੍ਹਾਂ ਨੂੰ ਸਜ਼ਾ ਦਿੱਤੀ ਗਈ ਹੈ। ਅਰਜ਼ੀ ਦੇ ਮੁਲਾਂਕਣ ਦੌਰਾਨ ਅਪਰਾਧਿਕ ਇਤਿਹਾਸ ਦੀ ਜਾਂਚ ਕੀਤੀ ਜਾਵੇਗੀ।

**3. ਪੇਸ਼ੇਵਰ ਵਿਕਾਸ ਨੂੰ ਜਾਰੀ ਰੱਖਣਾ**
ਸਾਰੇ ਰਜਿਸਟਰਡ ਕਰਮਚਾਰੀਆਂ ਲਈ ਰਜਿਸਟ੍ਰੇਸ਼ਨ ਸਾਲ ਦੌਰਾਨ ਲਗਾਤਾਰ ਪੇਸ਼ੇਵਰ ਵਿਕਾਸ ਦੇ 10 ਘੰਟੇ ਪੂਰੇ ਕਰਨੇ ਲਾਜ਼ਮੀ ਹਨ ਅਤੇ ਜਦੋਂ ਉਹ ਆਪਣੀ ਰਜਿਸਟ੍ਰੇਸ਼ਨ ਰੀਨਿਊ ਕਰਨ ਲਈ ਅਰਜ਼ੀ ਦਿੰਦੇ ਹਨ ਤਾਂ ਇਹਨਾਂ ਘੰਟਿਆਂ ਦੇ ਵੇਰਵੇ ਪ੍ਰਦਾਨ ਕਰਦੇ ਹਨ।

***ਰਜਿਸਟਰਡ ਅਪੰਗਤਾ ਕਰਮਚਾਰੀ 'ਭਰੋਸੇ ਦੀ ਨਿਸ਼ਾਨ' ਨੂੰ ਦੇਖੋ***

# ਇੱਕ ਸੁਰੱਖਿਅਤ, ਮਜ਼ਬੂਤ, ਅਪੰਗਤਾ ਸੈਕਟਰ ਬਣਾਉਣ ਵਿੱਚ ਮੱਦਦ ਕਰੋ

## ਕੀ ਮੈਂ ਇੱਕ ਰਜਿਸਟਰਡ ਅਪੰਗਤਾ ਕਰਮਚਾਰੀ ਦੀ ਚੋਣ ਕਰਨ ਦੇ ਯੋਗ ਹੋਵਾਂਗਾ/ਗੀ?

ਤੁਸੀਂ ਰਜਿਸਟਰਡ ਕਰਮਚਾਰੀ ਵੱਲੋਂ ਅਪੰਗਤਾ ਸੇਵਾਵਾਂ ਪ੍ਰਦਾਨ ਕੀਤੇ ਜਾਣ ਦੀ ਚੋਣ ਕਰ ਸਕਦੇ ਹੋ।

ਇਸਦਾ ਮਤਲਬ ਹੈ ਕਿ ਤੁਸੀਂ ਆਪਣੇ ਲਈ ਸਹੀ ਅਪੰਗਤਾ ਕਰਮਚਾਰੀ ਦੀ ਚੋਣ ਕਰ ਸਕਦੇ ਹੋ, ਇਹ ਜਾਣਦੇ ਹੋਏ ਕਿ ਉਹਨਾਂ ਕੋਲ ਸੁਰੱਖਿਅਤ ਕੰਮ ਕਰਨ ਲਈ ਲੋੜੀਂਦਾ ਗਿਆਨ, ਹੁਨਰ ਅਤੇ ਗੁਣ ਹਨ।

## ਜੇਕਰ ਮੇਰੇ ਕੋਲ NDIS ਯੋਜਨਾ ਹੈ ਤਾਂ ਕੀ ਮੈਂ ਰਜਿਸਟਰਡ ਅਪੰਗਤਾ ਕਰਮਚਾਰੀ ਦੀ ਚੋਣ ਕਰ ਸਕਦਾ/ਦੀ ਹਾਂ?

ਹਾਂ, ਰਜਿਸਟਰਡ ਕਰਮਚਾਰੀ NDIS ਸੇਵਾ ਪ੍ਰਦਾਤਾਵਾਂ ਸਮੇਤ ਸਾਰੀਆਂ ਕਿਸਮਾਂ ਦੀਆਂ ਸੰਸਥਾਵਾਂ ਵਿੱਚ ਕੰਮ ਕਰ ਸਕਦੇ ਹਨ, ਜਾਂ ਉਹ ਸਵੈ-ਰੁਜ਼ਗਾਰ ਕਰਦੇ ਹੋ ਸਕਦੇ ਹਨ।

ਰਜਿਸਟ੍ਰੇਸ਼ਨ ਇਹ ਯਕੀਨੀ ਬਣਾਉਂਦੀ ਹੈ ਕਿ ਵਿਕਟੋਰੀਆ ਦੇ ਅਪੰਗਤਾ ਕਰਮਚਾਰੀਆਂ ਦਾ ਸੁਰੱਖਿਅਤ, ਯੋਗ ਅਤੇ ਪੇਸ਼ੇਵਰ ਵਜੋਂ ਮੁਲਾਂਕਣ ਕੀਤਾ ਗਿਆ ਹੈ, ਭਾਵੇਂ ਤੁਹਾਡਾ ਅਪੰਗਤਾ ਸੇਵਾ ਕਰਮਚਾਰੀ ਕਿਸੇ ਵੀ ਸੇਵਾ ਪ੍ਰਦਾਤਾ ਲਈ ਕੰਮ ਕਰਦਾ ਹੋਵੇ, ਉਹ ਆਪਣੀਆਂ ਸੇਵਾਵਾਂ ਦਾ ਕਿਤੇ ਵੀ ਇਸ਼ਤਿਹਾਰ ਦਿੰਦਾ ਹੋਵੇ ਜਾਂ ਉਹਨਾਂ ਦੀਆਂ ਸੇਵਾਵਾਂ ਨੀ ਕਿਸੇ ਵੀ ਤਰੀਕੇ ਨਾਲ ਫ਼ੰਡ ਕੀਤਾ ਜਾਂਦਾ ਹੋਵੇ।

ਇਸਦਾ ਮਤਲਬ ਹੈ ਕਿ ਤੁਸੀਂ ਆਪਣੀ NDIS ਯੋਜਨਾ ਰਾਹੀਂ ਰਜਿਸਟਰਡ ਅਪੰਗਤਾ ਕਰਮਚਾਰੀ ਦੀ ਚੋਣ ਕਰ ਸਕਦੇ ਹੋ।

## ਕੀ ਮੈਂ ਅਣ-ਰਜਿਸਟਰਡ ਅਪੰਗਤਾ ਕਰਮਚਾਰੀ ਦੀ ਚੋਣ ਕਰ ਸਕਦਾ/ਦੀ ਹਾਂ?

ਤੁਸੀਂ ਅਜਿਹੇ ਕਰਮਚਾਰੀ ਦੀ ਚੋਣ ਕਰਨ ਦਾ ਫ਼ੈਸਲਾ ਵੀ ਕਰ ਸਕਦੇ ਹੋ ਜੋ ਰਜਿਸਟਰਡ ਨਹੀਂ ਹੈ। ਵਿਕਟੋਰੀਆ ਵਿੱਚ ਅਣ-ਰਜਿਸਟਰਡ ਕਰਮਚਾਰੀਆਂ ਨੂੰ ਆਚਾਰ-ਸੰਹਿਤਾ ਦੀ ਪਾਲਣਾ ਕਰਨ ਦੀ ਲੋੜ ਹੁੰਦੀ ਹੈ। ਵਿਕਟੋਰੀਅਨ ਡਿਸਏਬਿਲਟੀ ਵਰਕਰ ਕਮਿਸ਼ਨਰ ਅਣ-ਰਜਿਸਟਰਡ ਅਪੰਗਤਾ ਕਰਮਚਾਰੀਆਂ ਨੂੰ ਨਿਯਮ-ਕਾਨੂੰਨ ਲਾਗੂ ਕਰਦਾ ਹੈ।

ਵਿਕਟੋਰੀਆ ਦੇ ਸਾਰੇ ਅਪੰਗਤਾ ਕਰਮਚਾਰੀਆਂ ਲਈ ਅਪੰਗਤਾ ਸੇਵਾ ਸੁਰੱਖਿਆ ਆਚਾਰ-ਸੰਹਿਤਾ ਦੀ ਪਾਲਣਾ ਕਰਨੀ ਲਾਜ਼ਮੀ ਹੈ ਅਤੇ ਇਹ ਅਪੰਗਤਾ ਵਾਲੇ ਲੋਕਾਂ ਨੂੰ ਨੁਕਸਾਨ ਅਤੇ ਸ਼ੋਸ਼ਣ ਤੋਂ ਬਚਾਉਣ ਲਈ ਇੱਕ ਮਿਆਰ ਪ੍ਰਦਾਨ ਕਰਦਾ ਹੈ।

ਇਹ ਸੰਹਿਤਾ NDIS ਆਚਾਰ-ਸੰਹਿਤਾ ਵਰਗੀਆਂ ਸ਼ਰਤਾਂ ਨੂੰ ਅਪਣਾਉਂਦੀ ਹੈ। ਇਸਦਾ ਮਤਲਬ ਹੈ ਕਿ ਉਹੀ ਸ਼ਰਤਾਂ ਸਾਰੇ ਅਪੰਗਤਾ ਕਰਮਚਾਰੀਆਂ 'ਤੇ ਲਾਗੂ ਹੁੰਦੀਆਂ ਹਨ, ਚਾਹੇ ਉਹਨਾਂ ਨੂੰ NDIS ਜਾਂ ਹੋਰ ਪ੍ਰਦਾਤਾਵਾਂ ਦੁਆਰਾ ਫ਼ੰਡ ਕੀਤਾ ਗਿਆ ਹੋਵੇ।

## ਅਪੰਗਤਾ ਕਰਮਚਾਰੀ ਰਜਿਸਟਰ

ਸਾਰੇ ਰਜਿਸਟਰਡ ਅਪੰਗਤਾ ਕਰਮਚਾਰੀ ਵਿਕਟੋਰੀਆ ਦੇ ਅਪੰਗਤਾ ਕਰਮਚਾਰੀਆਂ ਦੇ ਜਨਤਕ ਰਜਿਸਟਰ ਵਿੱਚ ਸੂਚੀਬੱਧ ਹਨ ਜੋ ਕਿ **www.vdwc.vic.gov.au** 'ਤੇ ਉਪਲਬਧ ਹੈ। ਤੁਸੀਂ ਆਪਣੇ ਨੇੜੇ ਦੇ ਰਜਿਸਟਰਡ ਅਪੰਗਤਾ ਕਰਮਚਾਰੀਆਂ ਨੂੰ ਲੱਭਣ ਲਈ ਇਸ ਰਜਿਸਟਰ ਵਿੱਚ ਖੋਜ ਕਰ ਸਕਦੇ ਹੋ।

ਵੈੱਬਸਾਈਟ 'ਤੇ ਤੁਸੀਂ ਵਿਕਟੋਰੀਆ ਦੇ ਉਹਨਾਂ ਅਪੰਗਤਾ ਕਰਮਚਾਰੀਆਂ ਦੀ ਸੂਚੀ ਪ੍ਰਾਪਤ ਕਰਨ ਦੇ ਯੋਗ ਵੀ ਹੋਵੋਗੇ ਜਿਨ੍ਹਾਂ ਦੇ ਵਿਰੁੱਧ ਪਾਬੰਦੀ ਦਾ ਹੁਕਮ ਜਾਰੀ ਕੀਤਾ ਗਿਆ ਹੈ।

### ਵਿਕਟੋਰੀਅਨ ਡਿਸਏਬਿਲਟੀ ਵਰਕਰ ਕਮਿਸ਼ਨ ਬਾਰੇ

ਵਿਕਟੋਰੀਅਨ ਡਿਸਏਬਿਲਟੀ ਵਰਕਰ ਕਮਿਸ਼ਨ ਇੱਕ ਸੁਤੰਤਰ ਸੰਸਥਾ ਹੈ ਜੋ ਅਪੰਗਤਾ ਵਾਲੇ ਲੋਕਾਂ ਦੀ ਬਿਹਤਰ ਸੁਰੱਖਿਆ ਲਈ, ਅਤੇ ਇੱਕ ਮਜ਼ਬੂਤ, ਸੁਰੱਖਿਅਤ ਅਪੰਗਤਾ ਸੈਕਟਰ ਬਣਾਉਣ ਲਈ ਸਥਾਪਿਤ ਕੀਤੀ ਗਈ ਹੈ। ਇਹ ਅਪੰਗਤਾ ਸੇਵਾ ਸੁਰੱਖਿਆਵਾਂ ਦੀ ਆਚਾਰ-ਸਹਿੰਤਾ ਲਈ ਜ਼ਿੰਮੇਵਾਰ ਹੈ, ਜੋ ਕਿ ਵਿਕਟੋਰੀਆ ਵਿੱਚ ਅਪੰਗਤਾ ਵਾਲੇ ਲੋਕਾਂ ਦੀ ਸਹਾਇਤਾ ਕਰਨ ਵਾਲੇ ਸਾਰੇ ਕਰਮਚਾਰੀਆਂ ਲਈ ਘੱਟੋ-ਘੱਟ ਉਮੀਦਾਂ ਨੂੰ ਨਿਰਧਾਰਤ ਕਰਦਾ ਹੈ, ਅਤੇ ਸ਼ਿਕਾਇਤ ਨਿਪਟਾਰਾ ਕਰਨ ਲਈ ਜ਼ਿੰਮੇਵਾਰ ਹੈ। ਇਹ ਲੋਕਾਂ ਦੀ ਸੁਰੱਖਿਆ ਨੂੰ ਜ਼ੋਖਮ ਵਿੱਚ ਪਾਉਣ ਵਾਲੇ ਕਰਮਚਾਰੀਆਂ ਦੀ ਜਾਂਚ-ਪੜਤਾਲ ਕਰਨ ਅਤੇ ਉਹਨਾਂ 'ਤੇ ਪਾਬੰਦੀ ਲਗਾਉਣ ਦੀਆਂ ਸ਼ਕਤੀਆਂ ਦੇ ਨਾਲ ਸ਼ਿਕਾਇਤਾਂ ਅਤੇ ਸੂਚਨਾਵਾਂ ਨੂੰ ਸਵੀਕਾਰ ਕਰ ਸਕਦਾ ਹੈ।

ਸਾਡੀ ਵੈੱਬਸਾਈਟ **vdwc.vic.gov.au** 'ਤੇ ਜਾਓ ਜਾਂ **1800 497 132** 'ਤੇ ਫ਼ੋਨ ਕਰੋ
ਸਾਡੇ **ਨਿਊਜ਼ਲੈਟਰ** ਲਈ ਸਾਈਨ ਅੱਪ ਕਰੋ

ਸਾਨੂੰ ਫਾਲੋ ਕਰੋ